# ਕੀ ਮੇਰੇ ਕੰਮਕਾਜੀ ਮਾਲਕ ਲਈ ਕੰਮ ਉਤੇ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਨਾ ਜ਼ਰੂਰੀ ਹੈ? (Does my employer have to provide drinking water at work?)

ਇਸ ਲੋੜ ਨੂੰ ਵਰਕਪਲੇਸ ਹੈਲਥ,ਸੇਫਟੀ ਐਂਡ ਵੈਲਫੇਅਰ ਰੈਗੂਲੇਸ਼ਨਜ 1992 ਕਵਰ ਕਰਦੀਆਂ ਹਨ।

ਰੈਗੂਲੇਸ਼ਨ 22 ਮਾਲਕ ਉਤੇ ਪੀਣ ਵਾਲੇ ਪਾਣੀ ਦੀ ਸੁਵਿਧਾ ਸਬੰਧੀ ਜ਼ਿੰਮੇਵਾਰੀ ਪਾਉਂਦੀ ਹੈ।

ਇਹ ਬਿਆਨ ਕਰਦੀ ਹੈ;

1. ਵਰਕਪਲੇਸ ਵਿਚ ਕੰਮ ਕਰਨ ਵਾਲੇ ਸਾਰੇ ਵਿਅਕਤੀਆਂ ਲਈ ਪੀਣ ਵਾਲੇ ਸ਼ੁਧ ਪਾਣੀ ਦੀ ਉਚਿਤ ਸਪਲਾਈ ਦਾ ਪ੍ਰਬੰਧ ਹੋਣਾ ਚਾਹੀਦਾ ਹੈ।
2. ਪੈਰ੍ਹਾ (1) ਦੀ ਮੰਗ ਅਨੁਸਾਰ ਪੀਣ ਵਾਲੇ ਪਾਣੀ ਦੀ ਹਰ ਸਪਲਾਈ –
   (a) ਯੋਗ ਥਾਵਾਂ ਉਤੇ ਪਹੁੰਚ ਵਿਚ ਹੋਣੀ ਚਾਹੀਦੀ ਹੈ; ਅਤੇ
   (b) ਜਿੱਥੇ ਹੈਲਥ ਐਂਡ ਸੇਫਟੀ ਕਾਰਨਾ ਕਰਕੇ ਲੋੜ ਹੋਵੇ ਉਥੇ ਉਚਿਤ ਸਾਈਨ ਦੁਆਰਾ ਨਿਸ਼ਾਨਦੇਹੀ ਹੋਣੀ ਚਾਹੀਦੀ ਹੈ।
3. ਜਿੱਥੇ ਪੈਰ੍ਹਾ (1) ਅਨੁਸਾਰ ਪੀਣ ਵਾਲੇ ਪਾਣੀ ਦਾ ਪ੍ਰਬੰਧ ਹੋਣਾ ਚਾਹੀਦਾ ਹੈ, ਉਥੇ ਜੇ ਇਹ ਸਪਲਾਈ ਜੈੱਟ, ਜਿੱਥੋਂ ਆਸਾਨੀ ਨਾਲ ਸਿੱਧਾ ਪਾਣੀ ਪੀਤਾ ਜਾ ਸਕਦਾ ਹੋਵੇ, ਦੇ ਰੂਪ ਵਿਚ ਨਹੀਂ ਤਾਂ ਉਥੇ ਉਚਿਤ ਗਿਣਤੀ ਵਿਚ ਕੱਪਾਂ ਜਾਂ ਪਾਣੀ ਪੀਣ ਵਾਸਤੇ ਦੂਸਰੇ ਭਾਂਡਿਆਂ ਦਾ ਪ੍ਰਬੰਧ ਵੀ ਹੋਣਾ ਚਾਹੀਦਾ ਹੈ।

ਪ੍ਰਮਾਣਿਤ ਕੋਡ ਆਫ ਪ੍ਰੈਕਟਿਸ ਵਿਚ ਬਿਆਨ ਹੈ:
ਪੀਣ ਵਾਲਾ ਪਾਣੀ ਆਮਤੌਰ ਤੇ ਪਬਲਿਕ ਜਾਂ ਪ੍ਰਾਈਵੇਟ ਵਾਟਰ ਸਪਲਾਈ ਕੋਲੋਂ ਸਿੱਧਾ ਵਾਟਰ ਮੇਨ ਨਾਲ ਜੁੜੇ ਹੋਏ ਪਾਈਪ ਨਾਲ ਲੱਗੀ ਹੋਈ ਟੂਟੀ ਰਾਹੀਂ ਪ੍ਰਾਪਤ ਕੀਤਾ ਜਾਣਾ ਚਾਹੀਦਾ ਹੈ। ਜਾਂ ਫਿਰ, ਪੀਣ ਵਾਲਾ ਪਾਣੀ ਯੂਕੇ ਵਾਟਰ ਬਾਈ-ਲਾਅਜ ਦੀਆਂ ਸ਼ਰਤਾਂ ਉਤੇ ਪੂਰੇ ਉਤਰਦੇ ਸਟੋਰੇਜ ਟੈਂਕ ਨਾਲ ਸਿੱਧੇ ਜੁੜੇ ਹੋਏ ਪਾਈਪ ਦੀ ਟੂਟੀ ਤੋਂ ਲਿਆ ਜਾ ਸਕਦਾ ਹੈ। ਸਪਲਾਈ ਵਾਸਤੇ ਵਰਤੇ ਜਾਣ ਵਾਲੇ ਕਿਸੇ ਵੀ ਟੈਂਕ ਜਾਂ ਬਰਤਣ ਨੂੰ ਖਾਸ ਤੌਰ ਤੇ ਸਾਫ ਅਤੇ ਢੱਕ ਕੇ ਰੱਖਿਆ ਜਾਣਾ ਚਾਹੀਦਾ ਹੈ, ਅਤੇ ਲੋੜ ਅਨੁਸਾਰ ਇਸਨੂੰ ਟੈਸਟ ਅਤੇ ਜਰਮ ਰਹਿਤ ਕੀਤਾ ਜਾਣਾ ਚਾਹੀਦਾ ਹੈ। ਪੀਣ ਵਾਲਾ ਪਾਣੀ ਸਿਰਫ ਉਥੇ ਹੀ ਮੁੜ-ਭਰ ਸਕਣ ਵਾਲੇ ਬਰਤਨਾ ਵਿਚ ਪ੍ਰਦਾਨ ਕੀਤਾ ਜਾਣਾ ਚਾਹੀਦਾ ਹੈ ਜਿੱਥੇ ਇਹ ਸਿੱਧਾ ਮੇਨ ਸੁਪਲਾਈ ਤੋਂ ਪ੍ਰਾਪਤ ਨਾ ਕੀਤਾ ਜਾ ਸਕੇ। ਐਸੇ ਬਰਤਣਾ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਉਚਿਤ ਤਰੀਕੇ ਨਾਲ ਬੰਦ ਰੱਖਣਾ ਚਾਹੀਦਾ ਹੈ ਅਤੇ ਘੱਟ ਤੋਂ ਘੱਟ ਇਕ ਵਾਰੀ ਰੋਜ਼ ਭਰਿਆ ਜਾਣਾ ਚਾਹੀਦਾ ਹੈ।

ਪੀਣ ਵਾਲੇ ਪਾਣੀ ਦੀਆਂ ਟੂਟੀਆਂ ਐਸੀ ਥਾਂ ਤੇ ਨਹੀਂ ਲਗਾਉਣੀਆਂ ਚਾਹੀਦੀਆਂ ਜਿੱਥੇ ਪ੍ਰਦੂਸ਼ਿਤ ਹੋਣ ਦਾ ਖਤਰਾ ਹੋਵੇ, ਜਿਵੇਂ ਕਿ ਐਸੀ ਵਰਕਸ਼ਾਪ ਜਿੱਥੇ ਸਿੱਕਾ (ਲਿੱਡ) ਵਰਤਿਆ ਜਾਂ ਬਣਾਇਆ ਜਾਂਦਾ ਹੋਵੇ। ਜਿੱਥੋਂ ਤੱਕ ਅਮਲੀ ਤੌਰ ਤੇ ਸੰਭਵ ਹੋਵੇ ਇਹ ਸੋਧ-ਸਫਾਈ ਵਾਲੇ ਕਮਰੇ ਵਿਚ ਵੀ ਨਹੀਂ ਲਗਾਈਆਂ ਜਾਣੀਆਂ ਚਾਹੀਦੀਆਂ।

ਜੇ ਸੁਪਲਾਈ ਸਿੱਧਾ ਪੀ ਸਕਣ ਵਾਲੇ ਫੁਹਾਰੇ ਦੇ ਰੂਪ ਵਿਚ ਨਹੀਂ ਹੈ ਤਾਂ ਪੀਣ ਵਾਸਤੇ ਕੱਪਾਂ ਜਾਂ ਭਾਂਡਿਆਂ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਇਕ ਵਾਰੀ ਵਰਤ ਕੇ ਸੁੱਟਣ ਵਾਲੇ ਕੱਪਾਂ ਦਾ ਪ੍ਰਬੰਧ ਨਾ ਹੋਵੇ ਤਾਂ ਕਿਤੇ ਨੇੜੇ ਹੀ ਕੱਪਾਂ ਨੂੰ ਧੋਣ ਦਾ ਪ੍ਰਬੰਧ ਵੀ ਹੋਣਾ ਚਾਹੀਦਾ ਹੈ।

ਪੀਣ ਵਾਲੇ ਪਾਣੀ ਦਾ ਨਿਸ਼ਾਨ ਲੱਗਾ ਹੋਇਆ ਹੋਣਾ ਜ਼ਰੂਰੀ ਹੈ, ਨਹੀਂ ਤਾਂ ਹੋ ਸਕਦਾ ਹੈ ਕਿ ਲੋਕ ਉਨ੍ਹਾਂ ਸਪਲਾਈਆਂ ਵਿਚੋਂ ਪਾਣੀ ਪੀਵੀ ਜਾਣ ਜਿਹੜੀਆਂ ਪੀਣ ਵਾਸਤੇ ਨਹੀਂ ਹਨ। ਇਸ ਨਿਸ਼ਾਨ ਦੀ ਉਥੇ ਲੋੜ ਨਹੀਂ ਜਿੱਥੇ ਨਾ-ਪੀਣ ਵਾਲੇ ਪਾਣੀ ਦਾ ਨਿਸ਼ਾਨ ਲੱਗਾ ਹੋਇਆ ਹੋਵੇ।

ਗਾਈਡੈਂਸ ਬਿਆਨ ਕਰਦੀ ਹੈ:

ਬੁਰੀ ਤਰਾਂ ਪ੍ਰਦੂਸ਼ਿਤ ਹੋ ਸਕਣ ਵਾਲੀਆਂ ਪਾਣੀ ਦੀ ਸਪਲਾਈਆਂ, ਜਿਵੇਂ ਕਿ ਸਿਰਫ ਕੰਮ ਲਈ ਵਰਤਣ ਵਾਲੀਆਂ ਸਪਲਾਈਆਂ, ਦੀ ਉਚਿਤ ਸਾਈਨ ਦੁਆਰਾ ਨਿਸ਼ਾਨਦੇਹੀ ਕੀਤੀ ਜਾਣੀ ਚਾਹੀਦੀ ਹੈ। ਬੌਟਲਡ

ਵਾਟਰ/ਵਾਟਰ ਡਿਸਪੈਂਸਿੰਗ ਸਿਸਟਮ ਵੀ ਪੀਣ ਵਾਲੇ ਪਾਣੀ ਦੇ ਦੂਜੇ ਨੰਬਰ ਦੇ ਸਾਧਨ ਵਜੋਂ ਪ੍ਰਦਾਨ ਕੀਤਾ ਜਾ ਸਕਦਾ ਹੈ।

## ਹਵਾਲਾ

L24, Workplace Health, Safety and Welfare, ACOP and guidance, (ISBN 0717604136 – ਐਚਐਸਈ ਬੁਕਸ ਤੋਂ ਉਪਲੱਬਧ ਹੈ)